## ਪਾਠ - 6

## ਬਾਬਾ ਬੁੱਢਾ ਜੀ (ਲੇਖਕ-ਪ੍ਰੋ. ਜਗਦੀਸ਼ ਸਿੰਘ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ 1. ਬੂੜਾ ਨਾਂ ਦਾ ਬਾਲਕ ਕੀ ਕਰਦਾ ਹੁੰਦਾ ਸੀ?**

ਉੱਤਰ : ਬੂੜਾ ਸਾਰਾ ਦਿਨ ਗਊਆਂ ਦਾ ਵੱਗ ਚਾਰਦਾ ਹੁੰਦਾ ਸੀ।

**ਪਸ਼ਨ 2. ਬੂੜਾ ਉਦਾਸ ਕਿਉਂ ਰਹਿੰਦਾ ਸੀ?**

ਉੱਤਰ : ਬੂੜਾ ਇਸ ਕਰਕੇ ਉਦਾਸ ਰਹਿੰਦਾ ਸੀ, ਕਿਉਂਕਿ ਉਸ ਨੂੰ ਹਰ ਵੇਲ਼ੇ ਮੌਤ ਦਾ ਡਰ ਰਹਿੰਦਾ ਸੀ।

**ਪ੍ਰਸ਼ਨ 3. ਗੁਰੂ ਸਾਹਿਬ ਨੇ ਬੂੜੇ ਨੂੰ ਕਿਸ ਚੀਜ਼ ਦੀ ਦਾਤ ਬਖ਼ਸ਼ੀ ਅਤੇ ਉਸ ਦਾ ਕੀ ਨਾਂ ਰੱਖਿਆ?**

ਉੱਤਰ : ਗੁਰੂ ਸਾਹਿਬ ਨੇ ਬੂੜੇ ਨੂੰ ਗੁਰਸਿੱਖੀ ਦੀ ਦਾਤ ਬਖ਼ਸ਼ੀ ਤੇ ਉਸ ਦਾ ਨਾਂ ਬਾਬਾ ਬੁੱਢਾ ਰੱਖ ਦਿੱਤਾ।

**ਪ੍ਰਸ਼ਨ 4. ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਤੇ ਉਨ੍ਹਾਂ ਦੇ ਬੱਚਿਆਂ ਨੂੰ ਕਿਸ ਪ੍ਰਕਾਰ ਦੀ ਸਿੱਖਿਆ ਦਿੱਤੀ ਸੀ ?**

ਉੱਤਰ : ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਤੇ ਉਨ੍ਹਾਂ ਦੇ ਬੱਚਿਆਂ ਨੂੰ ਪੜ੍ਹਾਈ-ਲਿਖਾਈ ਦੇ ਨਾਲ਼ ਸ਼ਸਤਰ-ਵਿੱਦਿਆ ਦੀ ਸਿੱਖਿਆ ਦਿੱਤੀ ਸੀ।

**ਪ੍ਰਸ਼ਨ 5. ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਕੀ ਅਸੀਸ ਦਿੱਤੀ?**

ਉੱਤਰ : ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਨੂੰ ਅਸੀਸ ਦਿੱਤੀ ਕਿ ਉਨ੍ਹਾਂ ਦੇ ਘਰ ਅਜਿਹਾ ਪੁੱਤਰ ਜਨਮ ਲਵੇਗਾ, ਜਿਹੜਾ ਦੁਸ਼ਮਣਾਂ ਦੇ ਇਸੇ ਤਰ੍ਹਾਂ ਸਿਰ ਭੰਨੇਗਾ, ਜਿਸ ਤਰ੍ਹਾਂ ਉਨ੍ਹਾਂ ਗੰਢਾ ਭੰਨਿਆ ਹੈ।

**ਪ੍ਰਸ਼ਨ 6. ਬਾਬਾ ਬੁੱਢਾ ਜੀ ਨੇ ਹਰਿਮੰਦਰ ਸਾਹਿਬ ਵਿਖੇ ਕਿਸ ਪ੍ਰਕਾਰ ਦੀ ਸੇਵਾ ਕੀਤੀ?**

ਉੱਤਰ : ਬਾਬਾ ਬੁੱਢਾ ਜੀ ਨੇ ਹਰਿਮੰਦਰ ਸਾਹਿਬ ਵਿਚ ਪਹਿਲੇ ਗ੍ਰੰਥੀ ਵਜੋਂ ਸੇਵਾ ਕੀਤੀ।

### 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :



1. **ਵੱਗ (ਗਊਆਂ ਦਾ ਇਕੱਠ)-** ਬੂੜਾ ਵੱਗ ਚਾਰ ਰਿਹਾ ਹੈ।
2. **ਅਡੋਲ (ਜੋ ਡੋਲੇ ਨਾ)-** ਗੁਰੂ ਜੀ ਅਡੋਲ ਸਮਾਧੀ ਲਾਈ ਬੈਠੇ ਸਨ।
3. **ਅਨੋਖਾ (ਜੋ ਸਭ ਤੋਂ ਵੱਖਰਾ ਹੋਵੇ)-** ਸ਼ਾਮ ਦਾ ਸੁਭਾਅ ਅਨੋਖਾ ਹੈ।
4. **ਆਦਰ (ਸਤਿਕਾਰ)-** ਅਧਿਆਪਕ ਦਾ ਆਦਰ ਸਭ ਤੋਂ ਜ਼ਰੂਰੀ ਹੈ।
5. **ਤਕਾਲਾਂ (ਸ਼ਾਮ ਦਾ ਵੇਲ਼ਾ)-** ਬੂੜਾ ਤਕਾਲ਼ਾਂ ਵੇਲ਼ੇ ਵੱਗ ਲੈ ਕੇ ਵਾਪਸ ਆ ਜਾਂਦਾ ਸੀ।
6. **ਸੁਲਝਿਆ (ਸਮਝਦਾਰ)-** ਮੇਰੇ ਅਧਿਆਪਕ ਸੁਲਝੇ ਹੋਏ ਵਿਦਵਾਨ ਹਨ।
7. **ਮਸ਼ਹੂਰ (ਪ੍ਰਸਿੱਧ)-** ਮੇਰੇ ਸਕੂਲ ਦਾ ਨਾਂ ਪੜ੍ਹਾਈ ਕਰਕੇ ਬਹੁਤ ਮਸ਼ਹੂਰ ਹੈ।

### 3. ਹੇਠ ਲਿਖੇ ਸ਼ਬਦ ਕਿਸ ਨੇ, ਕਿਸ ਨੂੰ ਕਹੇ :

**1. "ਗੁਰੂ ਜੀ! ਮੈਨੂੰ ਸਾਰਾ ਵਕਤ ਮੌਤ ਦਾ ਡਰ ਰਹਿੰਦਾ ਹੈ। ਮੈਨੂੰ ਰਾਤ ਨੂੰ ਵੀ ਚੰਗੀ ਤਰ੍ਹਾਂ ਨੀਂਦ ਨਹੀਂ ਆਉਂਦੀ।"**

ਉੱਤਰ : ਬੂੜੇ ਨੇ ਗੁਰੂ ਨਾਨਕ ਦੇਵ ਜੀ ਨੂੰ ਕਹੇ।

**2. "ਹੇ ਬਾਲਕ, ਤੂੰ ਤਾਂ ਬੁੱਢਿਆਂ ਵਾਲ਼ੀਆਂ ਗੱਲਾਂ ਕਰਦਾ ਹੈਂ। ਤੂੰ ਤਾਂ ਅਜੇ ਬਾਲ ਏਂ। ਤੇਰਾ ਨਾਂ ਕੀ ਹੈ?"**

ਉੱਤਰ : ਗੁਰੂ ਨਾਨਕ ਦੇਵ ਜੀ ਨੇ ਬੂੜੇ ਨੂੰ ਕਹੇ।

**3. "ਤੂੰ ਬੂੜਾ ਨਹੀਂ, ਬੁੱਢਾ ਹੈਂ। ਹੇ ਬੁੱਢੇ ਬਾਲਕ, ਤੈਨੂੰ ਰੱਬ ਨੇ ਉੱਚੇ ਕੰਮ ਸੌਂਪੇ ਨੇ।"**

ਉੱਤਰ : ਗੁਰੂ ਨਾਨਕ ਦੇਵ ਜੀ ਨੇ ਬੂੜੇ ਨੂੰ ਕਹੇ।

**4. "ਜੇ ਕਿਸੇ ਕੋਲੋਂ ਅਸੀਸ ਲੈਣ ਜਾਣਾ ਹੋਵੇ , ਤਾਂ ਇਸ ਤਰ੍ਹਾਂ ਰੱਥਾਂ ਵਿੱਚ ਚੜ੍ਹ ਕੇ ਨਹੀਂ ਜਾਈਦਾ।"**

ਉੱਤਰ : ਗੁਰੂ ਅਰਜਨ ਦੇਵ ਜੀ ਨੇ ਆਪਣੀ ਸੁਪਤਨੀ ਮਾਤਾ ਗੰਗਾ ਜੀ ਨੂੰ ਕਹੇ।

**5. "ਤੇਰੇ ਘਰ ਵਿੱਚ ਇਹੋ ਜਿਹਾ ਪੁੱਤਰ ਜਨਮ ਲਵੇਗਾ, ਜਿਹੜਾ ਇਸੇ ਤਰ੍ਹਾਂ ਦੁਸ਼ਮਣਾਂ ਦੇ ਸਿਰ ਭੰਨੇਗਾ।"**

ਉੱਤਰ : ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਕਹੇ।